

# ਚੋਣਾਂ ਦੇ ਮਤਦਾਨ ਪੇਪਰ ਨੂੰ ਕਿਵੇਂ ਭਨਾ ਹੈ

HARMONY VOTES
ACTIVE & EQUAL

**ਹਰਾ ਮਤਦਾਨ ਪੇਪਰ House of Representatives (ਹੇਠਲੇ ਸਦਨ) ਲਈ ਹੈ**



**ਸਫ਼ੈਦ ਮਤਦਾਨ ਪੇਪਰ Senate (ਉੱਪਰਲੇ ਸਦਨ) ਲਈ ਹੈ**



## House of Representatives (ਹੇਠਲਾ ਸਦਨ)

ਮਤਦਾਨ ਪੇਪਰ ਵਿਚ, ਖਾਲੀ ਖਾਨੇ ਦੇ ਸਾਹਮਣੇ ਤੁਹਾਡੇ ਚੋਣ ਹਲਕੇ ਵਿੱਚ ਖੜੇ ਵੱਖੋ-ਵੱਖਰੇ ਉਮੀਦਵਾਰਾਂ ਦੇ ਨਾਂ ਹੋਣਗੇ।


ਉਮੀਦਵਾਰ ਦੀ ਪਾਰਟੀ ਉਨ੍ਹਾਂ ਦੇ ਨਾਮ ਹੇਠ ਲਿਖੀ ਜਾਵੇਗੀ।

ਖਾਲੀ ਖਾਨੇ ਦੇ ਨਾਲ ਹੀ ਉਸ ਪਾਰਟੀ ਦੇ ਚਿੰਨ੍ਹ ਦਾ ਇੱਕ ਚਿੱਤਰ ਵੀ ਹੋਵੇਗਾ। ਜੇ ਕੋਈ ਉਮੀਦਵਾਰ ਕਿਸੇ ਪਾਰਟੀ ਦਾ ਹਿੱਸਾ ਨਹੀਂ ਹੈ, ਤਾਂ ਉਹ ਆਪਣੇ ਨਾਮ ਦੇ ਹੇਠ 'ਆਜ਼ਾਦ' ਲਿਖਣਗੇ, ਅਤੇ ਉਨ੍ਹਾਂ ਦੇ ਖਾਲੀ ਖਾਨੇ ਦੇ ਨਾਲ ਕਿਸੇ ਪਾਰਟੀ ਦਾ ਕੋਈ ਚਿੰਨ੍ਹ ਨਹੀਂ ਹੋਵੇਗਾ।

1 2

**ਆਪਣੇ ਮਨਪਸੰਦ ਉਮੀਦਵਾਰ ਤੋਂ ਲੈ ਕੇ ਸਭ ਤੋਂ ਘੱਟ ਪਸੰਦੀਦਾ ਉਮੀਦਵਾਰ ਦੇ ਕ੍ਰਮ ਅਨੁਸਾਰ ਹਰੇਕ ਖਾਨੇ ਵਿੱਚ ਨੰਬਰ ਭਰੋ**

ਤੁਹਾਨੂੰ ਆਪਣੇ ਪਹਿਲੇ ਪਸੰਦੀਦਾ ਉਮੀਦਵਾਰ ਦੇ ਨਾਮ ਸਾਹਮਣੇ ਬਣੇ ਖਾਲੀ ਖਾਨੇ ਵਿੱਚ ਨੰਬਰ 1 ਲਿਖਕੇ ਸ਼ੁਰੂ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੇ ਪਹਿਲੇ ਪਸੰਦੀਦਾ ਉਮੀਦਵਾਰ ਦੇ ਨਾਮ ਸਾਹਮਣੇ ਬਣੇ ਖਾਲੀ ਖਾਨੇ ਵਿੱਚ ਨੰਬਰ 1 ਲਿਖਕੇ ਸ਼ੁਰੂ ਕਰਨਾ ਚਾਹੀਦਾ ਹੈ । ਫਿਰ ਆਪਣੇ ਦੂਜੇ ਪਸੰਦੀਦਾ ਉਮੀਦਵਾਰ ਦੇ ਨਾਮ ਸਾਹਮਣੇ ਬਣੇ ਖਾਨੇ ਵਿੱਚ ਨੰਬਰ 2 ਲਿਖੋ । ਫਿਰ ਆਪਣੇ ਤੀਜੇ ਪਸੰਦੀਦਾ ਉਮੀਦਵਾਰ ਦੇ ਨਾਮ ਸਾਹਮਣੇ ਬਣੇ ਖਾਨੇ ਵਿੱਚ ਨੰਬਰ 3 ਲਿਖੋ।




**ਤੁਹਾਨੂੰ ਸਾਰੇ ਖਾਲੀ ਖਾਨਿਆਂ**
ਨੂੰ ਭਰਨ ਦੀ ਲੋੜ ਹੈ, ਆਪਣੇ ਮਨਪਸੰਦ ਉਮੀਦਵਾਰ ਤੋਂ ਲੈ ਕੇ ਸਭ ਤੋਂ ਘੱਟ ਪਸੰਦੀਦਾ ਉਮੀਦਵਾਰ ਦੇ ਕ੍ਰਮ ਅਨੁਸਾਰ ਹਰੇਕ ਖਾਨੇ ਵਿੱਚ ਨੰਬਰ ਭਰੋ


ਤੁਹਾਡੇ ਵੋਟ ਨੂੰ ਜਾਇਜ਼ ਬਣਾਉਣ ਲਈ, ਇਹ ਯਕੀਨੀ ਬਣਾਓ ਕਿ ਤੁਸੀਂ:

- ਇੱਕੋ ਨੰਬਰ ਨੂੰ ਦੋ ਵਾਰ **ਨਾ** ਲਿਖੋ।
- ਅੰਕ-ਕ੍ਰਮ ਛੱਡਕੇ ਨੰਬਰ **ਨਾ** ਲਿਖੋ।
- ਸਹੀ ਜਾਂ ਗਲਤ ਦੇ ਨਿਸ਼ਾਨ ਦੀ ਵਰਤੋਂ **ਨਾ** ਕਰੋ।
- ਕਿਸੇ ਵੀ ਖਾਨੇ ਨੂੰ ਖ਼ਾਲੀ **ਨਾ** ਛੱਡੋ।
- ਮਤਦਾਨ ਪੇਪਰ 'ਤੇ ਅਜਿਹਾ ਕੁਝ **ਨਾ** ਲਿਖੋ ਜਿਸ ਨਾਲ ਤੁਹਾਡੀ ਸਨਾਖ਼ਤ ਹੋ ਸਕਦੀ ਹੋਵੇ

# Senate (ਉੱਪਰਲਾ ਸਦਨ)

**1** **ਇਸ ਮਤਦਾਨ ਪੇਪਰ 'ਤੇ ਇੱਕ ਕਾਲੀ ਲਾਈਨ ਹੁੰਦੀ ਹੈ** ਚੁਣੋ ਕਿ ਤੁਸੀਂ ਇਸ ਲਾਈਨ ਤੋਂ ਉੱਪਰ ਜਾਂ ਇਸ ਲਾਈਨ ਦੇ ਹੇਠਾਂ ਵੋਟ ਪਾਉਣੀ ਹੈ ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀ ਵੋਟ ਦੀ ਗਿਣਤੀ ਹੋਵੇ, ਤੁਸੀਂ ਸਿਰਫ ਖਾਨਿਆਂ ਵਿੱਚ ਹੀ ਲਿਖੋ **ਉਸ ਲਾਈਨ ਦੇ ਉੱਪਰ** ਜਾਂ **ਉਸ ਲਾਈਨ ਦੇ ਹੇਠਾਂ,** ਦੋਨੋਂ ਨਹੀਂ

ਇਸ ਮਤਦਾਨ ਪੇਪਰ ਵਿਚ ਤੁਹਾਡੇ ਰਾਜ ਜਾਂ ਖੇਤਰ ਵਿਚ ਖੜ੍ਹੀਆਂ ਵੱਖੋ-ਵੱਖਰੀਆਂ ਪਾਰਟੀਆਂ ਦੇ ਨਾਂ, ਉਨ੍ਹਾਂ ਦੇ ਪਾਰਟੀ ਚਿੰਨ੍ਹ ਦੇ ਚਿੱਤਰ ਅਤੇ ਖ਼ਾਲੀ ਖਾਨੇ ਨਾਲ ਹੋਣਗੇ




ਉਸ ਪਾਰਟੀ ਲਈ ਖੜ੍ਹੇ ਵਿਅਕਤੀਗਤ ਉਮੀਦਵਾਰਾਂ ਨੂੰ ਲਾਈਨ ਦੇ ਹੇਠਾਂ ਸੂਚੀਬੱਧ ਕੀਤਾ ਜਾਵੇਗਾ

ਜੇ ਉਮੀਦਵਾਰਾਂ ਦਾ ਕੋਈ ਗਰੁੱਪ ਕਿਸੇ ਪਾਰਟੀ ਦਾ ਹਿੱਸਾ ਨਹੀਂ ਹੈ ਤਾਂ ਉਨ੍ਹਾਂ ਕੋਲ ਪਾਰਟੀ ਦਾ ਚਿੰਨ੍ਹ ਜਾਂ ਪਾਰਟੀ ਦਾ ਨਾਮ ਨਹੀਂ ਹੋਵੇਗਾ ਉੱਥੇ 'ਆਜ਼ਾਦ' ਲਿਖਿਆ ਹੋ ਸਕਦਾ ਹੈ ਜਾਂ ਲਾਈਨ ਤੋਂ ਉੱਪਰ ਪਾਰਟੀ ਦੇ ਨਾਂ ਦੀ ਬਜਾਏ ਕੁਝ ਵੀ ਨਹੀਂ ਲਿਖਿਆ ਹੋ ਸਕਦਾ ਹੈ

## 2 ਲਾਈਨ ਦੇ ਉਪਰ

ਜੇ ਤੁਸੀਂ ਲਾਈਨ ਤੋਂ ਉਪਰ ਵੋਟ ਦਿੰਦੇ ਹੋ, ਤਾਂ ਤੁਸੀਂ ਕਿਸੇ ਸਿਆਸੀ ਪਾਰਟੀ ਜਾਂ ਗਰੁੱਪ ਲਈ ਵੋਟ ਪਾਓਗੇ

ਤੁਹਾਨੂੰ ਤੁਹਾਡੀ ਤਰਜੀਹ ਦੇ ਕ੍ਰਮ ਵਿੱਚ 1 ਤੋਂ 6 ਤੱਕ ਨੰਬਰ ਦੇ ਕੇ, ਘੱਟ ਤੋਂ ਘੱਟ 6 ਪਾਰਟੀਆਂ ਜਾਂ ਗਰੁੱਪਾਂ ਲਈ ਵੋਟ ਪਾਉਣੀ ਚਾਹੀਦੀ ਹੈ ਜੇ 6 ਤੋਂ ਘੱਟ ਪਾਰਟੀਆਂ ਜਾਂ ਗਰੁੱਪ ਖੜ੍ਹੇ ਹਨ, ਤਾਂ ਤੁਹਾਨੂੰ ਇਹਨਾਂ ਸਾਰਿਆਂ ਨੂੰ ਨੰਬਰ ਦੇਣਾ ਚਾਹੀਦਾ ਹੈ

## 3 ਲਾਈਨ ਤੋਂ ਹੇਠਾਂ

ਜੇ ਤੁਸੀਂ ਲਾਈਨ ਤੋਂ ਹੇਠਾਂ ਵੋਟ ਦਿੰਦੇ ਹੋ, ਤਾਂ ਤੁਸੀਂ ਵਿਅਕਤੀਗਤ ਉਮੀਦਵਾਰਾਂ ਲਈ ਵੋਟ ਪਾਓਗੇ

ਤੁਹਾਨੂੰ ਤੁਹਾਡੀ ਤਰਜੀਹ ਦੇ ਕ੍ਰਮ ਵਿੱਚ 1 ਤੋਂ 12 ਤੱਕ ਨੰਬਰ ਦੇ ਕੇ, ਘੱਟੋ-ਘੱਟ 12 ਉਮੀਦਵਾਰਾਂ ਲਈ ਵੋਟ ਪਾਉਣੀ ਚਾਹੀਦੀ ਹੈ ਜੇ 12 ਤੋਂ ਘੱਟ ਉਮੀਦਵਾਰ ਖੜ੍ਹੇ ਹਨ, ਤਾਂ ਤੁਹਾਨੂੰ ਉਨ੍ਹਾਂ ਸਾਰਿਆਂ ਨੂੰ ਨੰਬਰ ਦੇਣਾ ਚਾਹੀਦਾ ਹੈ

- ਉਹ ਸਿਆਸੀ ਪਾਰਟੀ ਜਾਂ ਉਮੀਦਵਾਰ ਨੂੰ ਚੁਣੋ ਜਿਸ ਲਈ ਤੁਸੀਂ ਵੋਟ ਪਾਉਣਾ ਚਾਹੁੰਦੇ ਹੋ
- ਆਪਣੀ ਪਹਿਲੀ ਪਸੰਦ ਦੇ ਖਾਲੀ ਖਾਨੇ ਵਿਚ 1 ਲਿਖੋ. ਫਿਰ ਆਪਣੀ ਦੂਜੀ ਪਸੰਦ ਨਾਲ ਸਬੰਧਤ ਖਾਲੀ ਖਾਨੇ ਵਿਚ 2 ਲਿਖੋ ਫਿਰ ਆਪਣੀ ਤੀਜੀ ਪਸੰਦ ਦੇ ਖਾਲੀ ਖਾਨੇ ਵਿਚ 3 ਲਿਖੋ ਜਦੋਂ ਤਕ ਤੁਸੀਂ ਲਾਈਨ ਤੋਂ ਉੱਪਰ ਘੱਟ ਤੋਂ ਘੱਟ 6 ਬਕਸਿਆਂ, ਜਾਂ ਲਾਈਨ ਦੇ ਹੇਠਾਂ ਘੱਟੋ-ਘੱਟ 12 ਖਾਨਿਆਂ ਵਿੱਚ ਨਹੀਂ ਲਿਖਦੇ ਉਦੋਂ ਤਕ ਲਿਖਣਾ ਜਾਰੀ ਰੱਖੋ
- ਤੁਸੀਂ ਲਾਈਨ ਦੇ ਉਪਰ 6 ਤੋਂ ਵੱਧ ਜਾਂ ਲਾਈਨ ਦੇ ਹੇਠਾਂ 12 ਤੋਂ ਵੱਧ ਉਮੀਦਵਾਰਾਂ ਲਈ ਵੋਟ ਪਾਉਣ ਦੀ ਚੋਣ ਕਰ ਸਕਦੇ ਹੋ - ਖਾਨਿਆਂ ਨੂੰ ਕ੍ਰਮਵਾਰ ਅੰਕਿਤ ਕਰਦੇ ਰਹੋ ਜਦੋਂ ਤੱਕ ਤੁਸੀਂ ਸਾਰੀਆਂ ਪਾਰਟੀਆਂ ਜਾਂ ਉਮੀਦਵਾਰਾਂ ਨੂੰ ਨਿਸ਼ਾਨ ਨਹੀਂ ਲਗਾਉਂਦੇ ਜਿਨ੍ਹਾਂ ਨੂੰ ਤੁਸੀਂ ਵੋਟ ਕਰਨਾ ਚਾਹੁੰਦੇ ਹੋ